# ਤੱਥ ਸ਼ੀਟ ORG07
# ਵਰਕਿੰਗ ਵਿਦ ਚਿਲਡਰਨ ਚੈੱਕ (Working with Children Check)
# ਫਿੱਟਨੈੱਸ ਅਤੇ ਤੰਦਰੁਸਤੀ ਖੇਤਰ

Punjabi | ਪੰਜਾਬੀ

ਹੇਠਾਂ ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ **ਸ਼੍ਰੇਣੀਆਂ** ਦੀ ਸੂਚੀ ਦਿੱਤੀ ਗਈ ਹੈ ਜੋ ਫਿੱਟਨੈੱਸ ਅਤੇ ਤੰਦਰੁਸਤੀ ਦੇ ਖੇਤਰ 'ਤੇ ਲਾਗੂ ਹੋ ਸਕਦੀਆਂ ਹਨ, ਜਿੱਥੇ ਕਿਸੇ ਵਿਅਕਤੀ ਦਾ ਅਹੁਦੇ ਵਿੱਚ ਉਹਨਾਂ ਦੀਆਂ **ਆਮ ਡਿਊਟੀਆਂ** ਦੇ ਹਿੱਸੇ ਵਜੋਂ **ਬੱਚਿਆਂ** ਨਾਲ **ਸੰਪਰਕ** ਕਰਨਾ ਸ਼ਾਮਲ ਹੁੰਦਾ ਹੈ, ਜਾਂ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ।

ਇਹ ਸਾਰਣੀ ਸਿਰਫ਼ ਇੱਕ ਗਾਈਡ ਹੈ ਅਤੇ ਸੰਪੂਰਨ ਹੋਣ ਦਾ ਦਾਅਵਾ ਨਹੀਂ ਕਰਦੀ ਹੈ। ਇਹ ਸਾਰੀਆਂ ਸਥਿਤੀਆਂ ਜਾਂ ਭਿੰਨਤਾਵਾਂ ਨੂੰ ਸ਼ਾਮਲ ਨਹੀਂ ਕਰਦੀ ਹੈ ਅਤੇ ਦਿੱਤੀਆਂ ਗਈਆਂ ਉਦਾਹਰਨਾਂ ਵੀ ਛੋਟਾਂ ਦੇ ਅਧੀਨ ਹੋ ਸਕਦੀਆਂ ਹਨ।

| **ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** |
|---|---|
| 4. ਕਿਸੇ ਵੀ ਕਿਸਮ ਦੀ ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ | • ਨਿੱਜੀ ਟ੍ਰੇਨਰ ਜੋ ਬੱਚਿਆਂ ਲਈ ਵਿਅਕਤੀਗਤ ਸੈਸ਼ਨ ਪ੍ਰਦਾਨ ਕਰਦੇ ਹਨ<br>• ਗਰੁੱਪ ਫਿੱਟਨੈੱਸ ਇੰਸਟ੍ਰਕਟਰ ਜੋ ਮੁੱਖ ਤੌਰ 'ਤੇ ਬੱਚਿਆਂ ਲਈ ਕਲਾਸਾਂ ਚਲਾ ਰਹੇ ਹਨ |
| 14: ਬੇਬੀ ਸਿਟਿੰਗ ਜਾਂ ਚਾਈਲਡ ਮਾਈਂਡਿੰਗ (ਮਾਪਿਆਂ ਦੀ ਗ਼ੈਰ-ਹਾਜ਼ਰੀ ਵਿੱਚ ਬੱਚੇ ਦੀ ਦੇਖਭਾਲ ਕਰਨ ਦੀ) ਸੇਵਾ | • ਬਾਲਵਾੜੀ ਅਤੇ ਬੱਚਿਆਂ ਦਾ ਧਿਆਨ ਰੱਖਣ ਵਾਲਾ (ਚਾਈਲਡ ਮਾਈਂਡਿੰਗ) ਸਟਾਫ਼ |
| 18: ਬੱਚਿਆਂ ਲਈ ਮਨੋਰੰਜਨ ਜਾਂ ਪਾਰਟੀ ਸੇਵਾ | • ਸਕੂਲੀ ਛੁੱਟੀਆਂ ਵਿਚਲੇ ਪ੍ਰੋਗਰਾਮਾਂ ਦਾ ਸਟਾਫ਼ |

## ਅਸੀਂ ਆਪਣੇ ਮੈਂਬਰਾਂ ਨੂੰ ਗਰੁੱਪ ਫਿੱਟਨੈੱਸ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ, ਬਾਲਗ਼ ਅਤੇ ਬੱਚੇ ਦੋਵੇਂ ਹਾਜ਼ਰ ਹੁੰਦੇ ਹਨ। ਕੀ ਸਾਨੂੰ ਆਪਣੇ ਸਾਰੇ ਇੰਸਟ੍ਰਕਟਰਾਂ ਨੂੰ ਵਰਕਿੰਗ ਵਿਦ ਚਿਲਡਰਨ ਚੈੱਕ ਲਈ ਅਰਜ਼ੀ ਦੇਣ ਲਈ ਕਹਿਣਾ ਚਾਹੀਦਾ ਹੈ?

ਨਹੀਂ। ਇਸ਼ਤਿਹਾਰ ਦਿੱਤੀ ਗਈ ਕਲਾਸ ਵਿਸ਼ੇਸ਼ ਤੌਰ 'ਤੇ ਬੱਚਿਆਂ ਲਈ ਨਹੀਂ ਹੈ। ਸਿਰਫ਼ ਇੱਕ ਇੰਸਟ੍ਰਕਟਰ ਨੂੰ ਵਰਕਿੰਗ ਵਿਦ ਚਿਲਡਰਨ (WWC) ਚੈੱਕ ਦੀ ਲੋੜ ਹੋਵੇਗੀ ਜੇ ਉਹ ਇੱਕ ਅਜਿਹੀ ਕਲਾਸ ਚਲਾਉਂਦੇ ਹਨ ਜੋ ਮੁੱਖ ਤੌਰ 'ਤੇ ਬੱਚਿਆਂ ਲਈ ਹੈ (ਭਾਵ, ਕਿਸ਼ੋਰਾਂ ਲਈ ਬਾਕਸਿੰਗ ਕਲਾਸ) ਜਾਂ ਕਿਸੇ ਬੱਚੇ ਨੂੰ ਨਿੱਜੀ ਤੌਰ 'ਤੇ ਇਕੱਲੇ ਸਿਖਲਾਈ ਦਿੰਦੇ ਹਨ।

ਗਰੁੱਪ ਫਿੱਟਨੈੱਸ ਕਲਾਸਾਂ ਨੂੰ ਚਲਾਉਣ ਵਾਲਾ ਇੱਕ ਇੰਸਟ੍ਰਕਟਰ ਜਿੱਥੇ ਬਾਲਗ਼ ਅਤੇ ਬੱਚੇ ਦੋਵੇਂ ਹਾਜ਼ਰ ਹੁੰਦੇ ਹਨ, ਅਰਜ਼ੀ ਦੇਣ ਲਈ ਅਯੋਗ ਹੁੰਦਾ ਹੈ ਕਿਉਂਕਿ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਕੋਈ ਸ਼੍ਰੇਣੀ ਲਾਗੂ ਨਹੀਂ ਹੈ ਜੋ ਉਹਨਾਂ ਦੀ ਭੂਮਿਕਾ ਨਾਲ ਮੇਲ ਖਾਂਦੀ ਹੈ। ਸਿਰਫ਼ ਉਨ੍ਹਾਂ ਨੂੰ ਹੀ WWC ਚੈੱਕ ਲਈ ਅਰਜ਼ੀ ਦੇਣੀ ਚਾਹੀਦੀ ਹੈ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਹਨ।

## ਅਸੀਂ ਆਪਣੀ ਮੈਂਬਰਸ਼ਿਪ ਨੂੰ ਘਟਾ ਕੇ 16 ਸਾਲ ਜਾਂ ਇਸ ਤੋਂ ਵੱਧ ਕਰ ਦਿੱਤਾ ਹੈ, ਕੀ ਅਸੀਂ ਆਪਣੇ ਸਾਰੇ ਇੰਸਟ੍ਰਕਟਰਾਂ ਨੂੰ ਬੱਚਿਆਂ ਨਾਲ ਕੰਮ ਕਰਨ ਦੀ ਜਾਂਚ ਕਰਵਾਉਣ ਲਈ ਕਹਿ ਸਕਦੇ ਹਾਂ?

ਨਹੀਂ। ਸਿਰਫ਼ ਬੱਚਿਆਂ ਨਾਲ ਸੰਬੰਧਿਤ ਕੰਮ ਕਰਦੇ ਕਰਮਚਾਰੀ/ **ਵਲੰਟੀਅਰ**ਹੀ WWC ਚੈੱਕ ਪ੍ਰਾਪਤ ਕਰ ਸਕਦੇ ਹਨ।

ਰੁਜ਼ਗਾਰਦਾਤਾ ਇਹ ਯਕੀਨੀ ਬਣਾ ਕੇ ਕਾਨੂੰਨ ਦੀ ਪਾਲਣਾ ਕਰ ਰਹੇ ਹਨ ਕਿ ਸਿਰਫ਼ ਉਹੀ ਕਰਮਚਾਰੀ WWC ਚੈੱਕ ਲਈ ਅਰਜ਼ੀ ਦਿੰਦੇ ਹਨ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਪਰਿਭਾਸ਼ਾ ਨੂੰ ਪੂਰਾ ਕਰਦੇ ਹਨ।

## ਸਾਡਾ ਮੁੱਖ ਦਫ਼ਤਰ ਦੂਸਰੇ ਰਾਜ ਵਿੱਚ ਅਧਾਰਿਤ ਹੈ ਅਤੇ ਬੇਨਤੀ ਕਰਦਾ ਹੈ ਕਿ ਸਾਡੇ ਸਾਰੇ ਸਟਾਫ਼ ਕੋਲ WWC ਹੋਵੇ, ਕੀ ਇਹ ਸਹੀ ਹੈ?

ਹਰੇਕ ਰਾਜ ਅਤੇ ਪ੍ਰਦੇਸ਼ ਦਾ ਆਪਣਾ WWC ਕਾਨੂੰਨ ਹੈ ਅਤੇ WA ਵਿੱਚ, ਸਿਰਫ਼ ਉਹੀ ਕਰਮਚਾਰੀ/ਵਲੰਟੀਅਰ WWC ਚੈੱਕ ਪ੍ਰਾਪਤ ਕਰ ਸਕਦੇ ਹਨ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੁੰਦੇ ਹਨ।

ਵਿਅਕਤੀਆਂ ਅਤੇ ਸੰਸਥਾਵਾਂ ਨੂੰ ਆਪਣੇ ਰਾਜ ਜਾਂ ਖੇਤਰ ਵਿੱਚ ਸੰਬੰਧਿਤ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ; ਇਹ ਕਿਸੇ ਵੀ ਅਤਿ-ਮਹੱਤਵਪੂਰਣ ਸੰਸਥਾਤਮਕ ਨੀਤੀਆਂ ਵਿੱਚ ਪ੍ਰਤੀਬਿੰਬਿਤ ਹੋਣਾ ਚਾਹੀਦਾ ਹੈ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।